**Airo International Research Journal February, 2016**
**Volume VII, ISSN: 2320-3714**

# 'ਹੁਣ ਸਟਾਲਿਨ ਚੁੱਪ ਹੈ' ਵਿਚ ਰਾਜਸੀ ਚੇਤਨਾ ਦੇ ਪ੍ਰਗਟਾਉ ਦੀਆਂ ਵਿਧੀਆਂ ਤੇ ਦ੍ਰਿਸ਼ਟੀ

**ਮਨਜਿੰਦਰ ਸਿੰਘ**
**ਪੰਜਾਬੀ ਅਧਿਆਪਕ, ਅਕਾਲ ਅਕੈਡਮੀ, ਬਲਬੇੜਾ (ਪਟਿਆਲਾ)**

'ਹੁਣ ਸਟਾਲਿਨ ਚੁੱਪ ਹੈ' ਕਾਵਿ ਸੰਗ੍ਰਹਿ ਵਿਚ ਦੇਵਨੀਤ ਨੇ ਰਾਜਸੀ ਅਤੇ ਇਤਿਹਾਸਕ ਵਿਸ਼ਿਆਂ ਨੂੰ ਛੋਹਿਆ ਹੈ। ਇਸ ਤੋਂ ਇਲਾਵਾ ਉਸ ਨੇ ਗਰੀਬੀ, ਬੇਰੁਜ਼ਗਾਰੀ, ਜਾਤੀ ਹਉਮੈ, ਪੰਜਾਬ ਸੰਕਟ ਦੇ ਵਿਸ਼ੇ ਵੀ ਲਏ ਹਨ। ਹਰੇਕ ਕਵੀ ਦੀ ਆਪਣੀ ਵੱਖਰੀ ਦ੍ਰਿਸ਼ਟੀ ਅਤੇ ਆਪਣੀ ਵੱਖਰੀ ਵਿਧੀ ਹੁੰਦੀ ਹੈ, ਜਿਸ ਦੇ ਆਧਾਰ ਤੇ ਉਹ ਰਚਨਾ ਕਰਦਾ ਹੈ। ਦੇਵਨੀਤ ਅਜਿਹਾ ਕਵੀ ਹੈ ਜੋ ਇਤਿਹਾਸ ਨੂੰ ਆਧੁਨਿਕ ਸਮੇਂ ਦੇ ਨਾਲ ਜੋੜ ਕੇ ਦੇਖਦਾ ਹੈ। ਦੇਵਨੀਤ ਦੂਰ-ਦ੍ਰਿਸ਼ਟੀ ਰੱਖਦਾ ਹੈ। ਉਸ ਦੀ ਸੋਚ ਕੇਵਲ ਇਕ ਧਰਮ, ਪ੍ਰਾਂਤ ਦਾ ਇਕ ਦੇਸ਼ ਪ੍ਰਤੀ ਨਹੀਂ ਸਗੋਂ ਉਹ ਅੰਤਰਰਾਸ਼ਟਰੀ ਸੋਚ ਦਾ ਧਾਰਨੀ ਹੈ। ਉਹ ਨਾਅਰੇ ਦੀ ਸੁਰ ਭਾਵ ਲਾਊਡ ਸੁਰ ਵਿਚ ਗੱਲ ਕਰਦਾ ਹੈ।

## ਵਿਧੀਆਂ

ਦੇਵਨੀਤ ਦੀਆਂ ਕਵਿਤਾਵਾਂ ਦੀ ਸਿਰਜਣਾਤਮਕਤਾ ਵੱਖ-ਵੱਖ ਵਿਸ਼ੇ ਦੇ ਸੰਦਰਭਾਂ ਵਿਚ ਅਰਥ ਗ੍ਰਹਿਣ ਕਰਕੇ ਰਾਜਸੀ ਚੇਤਨਾ ਦੇ ਅਰਥਾਂ ਉਤਪਾਦਨ ਕਰਦੀ ਹੈ। ਦੇਵਨੀਤ ਦੀਆਂ ਕਵਿਤਾਵਾਂ ਵਿਚ ਨਕਸਲੀ ਲਹਿਰ ਹਰੀ ਕ੍ਰਾਂਤੀ ਪੰਜਾਬ ਸੰਕਟ ਪੂੰਜੀਵਾਦੀ ਤਰਤੀਬ ਵਿਚ ਰਿਸ਼ਤਿਆਂ ਦੀ ਬੇਤਰਤੀਬੀ, ਪੰਜਾਬ ਦਾ ਰਾਜਸੀ ਅਵਚੇਤਨ ਜਾਤੀਗਤ ਸਰੋਕਾਰ ਮਾਨਵਵਾਦੀ ਵਿਚਾਰਧਾਰਾ ਅਤੇ ਲੋਕ ਮਨਾਂ ਦੀ ਆਵਾਜ਼ ਅਜਿਹੇ ਵਿਸ਼ੇ ਹਨ ਜੋ ਰਾਜਸੀ ਚੇਤਨਾ ਦਾ ਮੁੱਢ ਬੰਨ੍ਹਦੇ ਹਨ।

ਦੇਵਨੀਤ ਨੇ ਆਪਣੀਆਂ ਕਵਿਤਾਵਾਂ ਵਿਚ ਰਾਜਨੀਤਕ ਅਤੇ ਇਤਿਹਾਸ ਦਾ ਵਿਸ਼ਲੇਸ਼ਣ ਕੀਤਾ ਹੈ। ਉਹ ਆਪਣੀਆਂ ਕਵਿਤਾਵਾਂ ਵਿਚ ਨਾ ਕੇਵਲ ਇਕ ਕੌਮ ਜਾਂ ਇਕ ਦੇਸ਼ ਦੀ ਗੱਲ ਕਰਦਾ ਹੈ ਸਗੋਂ ਉਹ ਅੰਤਰਰਾਸ਼ਟਰੀ ਪੱਧਰ ਦੀ ਗੱਲ ਕਰਦਾ ਹੈ, ਜਿੱਥੇ ਉਹ 'ਬਰਾਕਾ ਉਵਾਮਾਂ ਦਾ ਸਹੁੰ ਚੁੱਕ ਸਮਾਗਮ' ਅਤੇ 'ਮੈਂ ਸਦਮੇ ਵਿਚ ਹਾਂ' ਵਿਚ ਅੰਤਰਰਾਸ਼ਟਰੀ ਪੱਧਰ ਦੀ ਗੱਲ ਕਰਦਾ ਹੈ। ਦੇਵਨੀਤ ਜਿੱਥੇ 'ਸੰਤਾਲਿਆ ਚੁਰਾਸੀਆਂ' ਵਿਚ ਪੰਜਾਬ ਦੀ ਮੰਦਭਾਗੀ ਹਾਲਤ ਨੂੰ ਬਿਆਨ ਕਰਦਾ ਹੈ ਉੱਥੇ 'ਮੈਂ ਸਦਮੇ ਵਿਚ ਹਾਂ' ਵਿਚ ਰੂਸ ਦੀ ਹਾਲਤ ਨੂੰ ਬਿਆਨ ਕਰਦਾ ਹੈ। ਕਵਿਤਾ 'ਸੰਤਾਲਿਆ ਚੁਰਾਸੀਆਂ' ਵਿਚ ਪੰਜਾਬ ਦੀ ਹਾਲਾਤ ਅਤੇ ਇਕ ਬੱਚੇ ਦੀ ਤਰਸਯੋਗ ਸਥਿਤੀ ਨੂੰ ਪੇਸ਼ ਕੀਤਾ ਹੈ :

"ਧਰਤ 'ਤੇ ਮੋਇਆ ਮਾਂਵਾ ਦਾ
ਢੇਰ ਹੈ
ਇਕ ਵੱਡੀ ਭੁੱਖ ਨੂੰ
ਪਤਾ ਨਹੀਂ ਹੈ
ਕੀ ਹੋ ਗਿਆ ਹੈ
ਉਹ ਤਾਂ
ਫਿਰ ਰਹੀ ਹੈ-ਮਾਂ-ਦਰ-ਮਾਂ
ਛਾਤੀ ਦਰ ਛਾਤੀ
ਆਪਣੀਆਂ ਖਾਲੀ ਮਾਸੂਸ ਅੱਖਾਂ ਨਾਲ
ਉੱਪਰ ਵੇਖਦੀ ਹੈ।"[1]

ਇੱਥੇ ਦੇਵਨੀਤ 1947 ਅਤੇ 1984 ਦੇ ਵਿਚ ਹੋਏ ਕਤਲੇਆਮ ਸਮੇਂ ਇਕ ਬੱਚੇ ਦੀ ਦਾਸਤਾਂ ਅੱਖਾਂ ਸਾਹਮਣੇ ਲਿਆਉਂਦਾ ਹੈ। ਦੇਵਨੀਤ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਇਤਿਹਾਸਕ ਅਤੇ ਰਾਜਸੀ ਨੇਤਾ ਨੂੰ ਮੁੱਖ ਰੂਪ ਵਿਚ ਲੈਂਦਾ ਹੈ ਜਿਨ੍ਹਾਂ ਦੀ ਮਹਾਨ ਵਿਚਾਰਧਾਰਾ ਅਧੀਨ ਇਕ ਕ੍ਰਾਂਤੀ ਆਈ। ਜਿੱਥੇ ਰਾਸ਼ਟਰੀ ਪੱਧਰ ਤੇ ਦੇਵਨੀਤ 'ਭਗਤ ਸਿੰਘ' ਜਾਂ 'ਬਾਬਾ ਬੂਝਾ ਸਿੰਘ' 'ਤੇ ਕਾਮਰੇਡ ਨੂੰ ਲੈਂਦਾ ਹੈ ਉੱਥੇ ਦੂਜੇ ਪਾਸੇ ਅੰਤਰਰਾਸ਼ਟਰੀ ਪੱਧਰ ਤੇ 'ਸਟਾਲਿਨ ਲੈਨਿਨ' ਅਤੇ ਫਾਟਸਕੀ ਦੀ ਗੱਲ ਕਰਦਾ ਹੈ। ਦੇਵਨੀਤ ਦੀ ਕਵਿਤਾ ਵਿਚ ਸਾਧਾਰਨ ਸੰਘਰਸ਼ ਦੀ ਗੱਲ ਨਹੀਂ ਕੀਤੀ ਗਈ। ਅੱਜ ਦੇ ਸਮੇਂ ਹਰ ਮਨੁੱਖ ਆਪਣੇ ਪੁੱਠੇ-ਸਿੱਧੇ ਕੰਮਾ ਨੂੰ ਪੂਰ ਚੜ੍ਹਾਉਣ ਲਈ ਜੋ ਕੁੱਝ ਕਰਦਾ ਹੈ ਉਸ ਨੂੰ 'ਸੰਘਰਸ਼' ਮੰਨ ਲੈਂਦਾ ਹੈ। ਦੇਵਨੀਤ ਦਾ ਅਜੋਕੀ ਰਾਜਨੀਤੀ ਤੇ ਇਹੀ ਤਿੱਖਾ ਵਿਅੰਗ ਹੈ ਕਿ ਜੋ ਹਜ਼ਾਰਾਂ ਬੰਦੇ ਮਾਰਦਾ ਹੈ ਉਹ ਤਾਂ ਪਰਤਾਂ ਦਾ ਰਖਵਾਲਾ (ਗਕਾ) ਅਖਵਾਉਂਦਾ ਹੈ ਤੇ ਜੋ ਇਕ ਬੰਦਾ ਮਾਰਨ ਵਾਲਾ ਜਾਂ ਜੋ ਉਸ ਨੇ ਮਰਵਾਇਆ ਵੀ ਨਹੀਂ ਹੁੰਦਾ ਉਸ ਦੀ ਸਜ਼ਾ ਬੇਕਸੂਰ ਹੀ ਭੁਗਤ ਰਿਹਾ ਹੁੰਦਾ ਹੈ ਉਹ ਕਾਤਲ ਅਖਵਾਉਂਦਾ ਹੈ। ਇਹ ਅੱਜ ਦੀ ਰਾਜਨੀਤੀ ਦਾ ਨੰਗਾ ਸੱਚ ਹੈ ਕਿ ਕਿੰਨੇ ਕਤਲ ਹੁੰਦੇ ਹਨ, ਸਾਜ਼ਸ਼ਾਂ ਹੁੰਦੀਆਂ ਹਨ, ਬੰਬ ਧਮਾਕੇ, ਗੋਡੀ ਕਾਂਡ ਜੋ ਅਨਜਾਣ ਲੋਕਾਂ ਨੂੰ ਪਤਾ ਵੀ ਨਹੀਂ ਹੁੰਦਾ ਕਿ ਇਹ ਕਿਵੇਂ ਹੋ ਗਿਆ ਪਿੱਛੋਂ ਰਾਜਸੀ ਤਾਕਤ ਕੰਮ ਕਰਦੀ ਹੈ।

"ਜੋ ਇਕ ਬੰਦਾ ਮਾਰਦਾ ਹੈ -
ਉਹ ਕਾਤਲ ਹੁੰਦਾ,
ਜੋ ਹਜ਼ਾਰਾ ਬੰਦੇ ਮਾਰਦਾ ਹੈ
ਉਹ

ਲੱਖਾਂ ਦਾ ਰਖਵਾਲਾ ਕਹਾਉਂਦਾ ਹੈ।"[2]

ਦੇਵਨੀਤ ਨੇ ਵੱਖ-ਵੱਖ ਸਥਿਤੀਆਂ ਨੂੰ ਕਵਿਤਾਵਾਂ ਦਾ ਵਿਸ਼ਾ ਬਣਾਇਆ ਹੈ। ਦੇਵਨੀਤ ਦੀਆਂ ਕਵਿਤਾਵਾਂ ਸਥਿਤੀ ਪ੍ਰਧਾਨ ਹਨ। ਇਨ੍ਹਾਂ ਕਵਿਤਾਵਾਂ ਵਿਚ ਕਿਰਤ ਅਤੇ ਕਿਰਤੀ ਦੀ ਦੁਖਾਂਤ ਸਥਿਤੀ ਦਿਖਾਈ ਗਈ ਹੈ ਅਤੇ ਉਸ ਦੀ ਸ਼ਕਤੀ ਅੱਗੇ ਸਲਾਮ ਵੀ ਕੀਤੀ ਗਈ ਹੈ। ਸੱਚੀ ਮੁੱਚੀ ਕਿਰਤਾਂ ਦਾ ਮੁੱਲ ਨਾ ਪੈਣਾ ਅਤੇ ਗਰੀਬ ਆਦਮੀ ਦਾ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਲਈ ਵੀ ਤਰਸ਼ਨਾ, ਬੱਚਿਆਂ ਦਾ ਕਿਤਾਬਾਂ ਲਈ ਤਰਸ਼ਨਾ ਇਕ ਮਿਸਤਰੀ ਦੀ ਸਾਰੀ ਉਮਰ ਘਰ ਬਣਾਉਣਾ ਤੇ ਆਪ ਘਰ ਤੋਂ ਵਾਂਝੇ ਹੋਣਾ ਦੀ ਸਥਿਤੀ ਪੇਸ਼ ਹੈ। ਦੇਵਨੀਤ ਇਤਿਹਾਸ ਦੇ ਨਾਲ ਮਿਥਿਹਾਸ ਨੂੰ ਵੀ ਕਵਿਤਾ ਵਿਚ ਉਜਾਗਰ ਕਰਦਾ ਹੈ। "ਮਿੱਥ ਦੀ ਵਰਤੋਂ ਕਰਕੇ ਕਵੀ ਉਨ੍ਹਾਂ ਅਰਥਾਂ ਨੂੰ ਸਿਰਜਦਾ ਵਿਚ ਪਾਉਂਦਾ ਹੈ ਜਿਸ ਦਾ ਸਿੱਧਾ ਸਬੰਧ ਸਮੱਸਿਆਵਾਂ ਅਤੇ ਸੰਕਟਾਂ ਦੀਆਂ ਦਿਸ਼ਾਵਾਂ ਨਾਲ ਹੁੰਦਾ ਹੈ, ਮਿੱਥ ਆਪਣੇ ਆਪ ਵਿਚ ਹੀ ਇਕ ਚੇਤਨਾ ਦਾ ਇਤਿਹਾਸਕ ਬਿੰਦੂ ਹੈ ਜੋ ਵਰਤਮਾਨ ਅਤੇ ਭਵਿੱਖ ਲਈ ਰੌਸ਼ਨੀ ਦਿੰਦਾ ਹੈ। ਮਿੱਥ ਤੇ ਮਨੁੱਖ ਦਾ ਸਬੰਧ ਚਿਰਕਾਲੀ ਹੈ। ਮਾਨਵੀ ਮੁਕਤੀ ਦਾ ਰਹੱਸ ਮਿੱਥਾਂ ਵਿਚ ਪਿਆ ਮਿਲਦਾ ਹੈ। ਜਦੋਂ ਕੋਈ ਸੁਚੇਤ ਕਥਾਕਾਰ (ਕਵੀ) ਮਿੱਥ ਦੇ ਪੁਰਾਤਨ ਅਰਥਾਂ ਦੇ ਨਾਲ-ਨਾਲ ਵਰਤਮਾਨ ਅਰਥਾਂ ਨਾਲ ਸਬੰਧਿਤ ਹੋ ਕੇ ਮਨੁੱਖੀ ਜੀਵਨ ਦੀਆਂ ਵਿਭਿੰਨ ਜਿਉਣਯੋਗ ਰਾਜਸੀ ਨੀਤੀਆਂ ਨੂੰ ਸਿਰਜਣਾ ਪਾਉਂਦਾ ਹੈ।"[3]

"ਜੰਡ ਥੱਲੇ

ਮਿਰਜ਼ਾ ਨਹੀਂ ਸੀ ਵੱਢਿਆ ਗਿਆ

ਮਿਰਜ਼ੇ ਦਾ ਜਿਸਮ ਵੱਢਿਆ ਗਿਆ ਸੀ

ਮਰਜ਼ੇ ਅੰਦਰਲਾ ਜੱਟ

ਨਹੀਂ ਸੀ ਮਰਿਆ

ਹੰਕਾਰ-ਦਾਰੂ, ਦਬਕਾ, ਲਲਕਾਰਾ

ਨਹੀਂ ਸੀ ਮਰਿਆ

- - - - - -

- - - - - -

ਕਿਸੇ ਹੋਰ ਦਾਰੂ ਦਾ ਗਲਾਸ ਭਰਦਾ ਹੈ

ਜੰਟੀ ਕਿੱਥੇ ਗਿ ਆ!!!

ਮਿਰਜ਼ਾ ਅੱਜ ਮਰਿਆ ਹੈ।"[4]

ਦੇਵਨੀਤ ਜਿੱਥੇ ਸਮਾਜ ਦੀ ਬਦਲਦੀ ਸਥਿਤੀ ਦੀ ਗੱਲ ਕਰਦਾ ਹੈ ਉੱਥੇ ਇਤਿਹਾਸ ਵਿਚ ਸਮਾਜ ਲਈ ਕੁੱਝ ਜਾਣ ਵਾਲੇ ਯੋਧਿਆਂ ਨੂੰ ਵੀ ਨਤਮਸਤਕ ਹੁੰਦਾ ਹੈ ਉਹ ਬਾਬਾ ਬੂਝਾ ਸਿੰਘ ਦੇ ਸ਼ਹੀਦ ਹੋਣ ਤੇ ਧਰਤੀ ਨੂੰ ਹਿੱਲ ਗਈ ਮਹਿਸੂਸ ਕਰਨਾ ਚਾਹੁੰਦਾ ਹੈ ਪਰ ਸਮਾਜ ਵਿਚ ਅਜਿਹਾ ਕੁੱਝ ਨਹੀਂ ਹੁੰਦਾ ਸਾਰੇ ਆਪਣੇ-ਆਪਣੇ ਕੰਮਾਂ ਵਿਚ ਅਡੋਲ ਲੱਗੇ ਹੋਏ ਹਨ ਜਿਵੇਂ ਕੁੱਝ ਹੋਇਆ ਹੀ ਨਾ ਹੋਵੇ।

"ਇਕ ਸਵੇਰ

ਕਾਲਿਜ ਦੇ ਗੇਟ ਤੇ

ਲਾਲ ਇਸ਼ਤਿਹਾਰ ਵੇਖਦਾ ਹਾਂ

ਬਾਬਾ ਬੂਝਾ ਸਿੰਘ ਸ਼ਹੀਦ

ਮੈਂ ਧਰਤੀ ਹਿੱਲ ਗਈ

ਮਹਿਸੂਸ ਕਰਨਾ ਚਾਹੁੰਦਾ ਹਾਂ

ਸੜਕ ਵੱਲ ਵੇਖਦਾ ਹਾਂ

ਰਿਕਸ਼ੇ ਵਾਲਾ

– – – – –

– – – – –

ਕੁੱਝ ਵੀ ਨਹੀਂ ਹਿੱਲਿਆ

ਮੈਂ ਕਿਸ ਤੇ ਗੁੱਸੇ ਹੋਂਦਾ!!!"[5]

## ਰਾਜਸੀ ਦ੍ਰਿਸ਼ਟੀ

ਦੇਵਨੀਤ ਦੂਰ ਦ੍ਰਿਸ਼ਅੀ ਰੱਖਦਾ ਹੈ। ਅਜੋਕੇ ਵਿਕਾਸ ਦੇ ਖੇਰੂਯੁਕਤ ਯੁੱਗ ਵਿਚ ਨਹੀਂ ਇਨਸਾਨੀ ਤਨਾਜ਼ਿਆਂ ਦੀ ਸੂਝ ਅਤੇ ਹਰੇਕ ਵਰਤਾਰੇ ਵਿਚੋਂ ਇਸ ਦੀ ਪਛਾਣ ਡੂੰਘੀ ਪ੍ਰਤੱਖਣ ਦ੍ਰਿਸ਼ਟੀ ਰਾਹੀਂ ਹੀ ਸੰਭਵ ਹੈ। ਬਾਹਰ ਵਰਤੀ ਯਥਾਰਥ ਬਹੁਤ ਝਾਤੀਆਂ ਉਤਪੰਨ ਕਰਦਾ ਹੈ।

"ਸਾਡੇ ਅਜੋਕੇ ਸ਼੍ਰੇਣੀ ਸਮਾਜ ਵਿਚ ਵਿਚਾਰ ਕਿਸੇ ਨਾ ਕਿਸੇ ਜਮਾਤ ਦੇ ਹਿੱਤਾਂ ਉੱਤੇ ਆਧਾਰਿਤ ਹੁੰਦੇ ਹਨ। ਸਮਾਜਿਕ ਚੇਤਨਾ ਦੇ ਸਾਰੇ ਰੂਪਾਂ ਵਿਚੋ ਸਿਆਸਤ ਅਤੇ ਸਿਆਸੀ ਵਿਚਾਰਾਂ ਦੀ ਵੱਧ ਨੇੜਤਾ ਆਰਥਿਕ ਆਧਾਰ ਨਾਲ ਹੈ।"[6]

ਆਰਥਿਕ ਤੌਰ 'ਤੇ ਜੋ ਮਜ਼ਬੂਤ ਹੈ ਉਸ ਦਾ ਹੀ ਸਮਾਜ ਵਿਚ ਬੋਲਬਾਲਾ ਹੈ। ਆਰਥਿਕ ਤੌਰ ਤੇ ਕੰਮਜ਼ੋਰ ਵਿਅਕਤੀ ਨੂੰ ਸਮਾਜ ਵਿਚ ਕੋਈ ਥਾਂ ਹੀ ਨਹੀਂ ਦਿੱਤੀ ਜਾਂਦੀ, ਉਸ ਵਿਚ ਕੋਈ ਕਾਬਲੀਅਤ ਹੋਣ ਤੇ ਵੀ ਆਪਣੀ ਕਾਬਲੀਅਤਾ ਪ੍ਰਗਟ ਨਹੀਂ ਕਰ ਸਕਦਾ। ਸਮਾਜ ਵਿਚ ਦੋ ਵਰਗ ਹਮੇਸ਼ਾ ਰਹੇ ਹਨ ਇਕ ਸ਼ਾਸਤ ਵਰਗ ਤੇ ਦੂਸਰਾ ਸ਼ੋਸ਼ਿਤ ਵਰਗ ਭਾਵ ਇਕ ਉਹ ਜੋ ਲੁੱਟਦਾ ਹੈ ਤੇ ਦੂਜਾ ਉਹ ਜੋ ਲੁੱਟਿਆ ਜਾਂਦਾ ਹੈ। ਇਹ ਹੀ ਮੁੱਖ ਤੋਂ ਸਮਾਜ ਦੀ ਰੀਤ ਰਹੀ ਹੈ। ਦੇਵਨੀਤ ਇਸ ਨੂੰ ਸਮਾਜ ਲਈ ਸਭ ਤੋਂ ਭਿਆਨਕ ਖਤਰਾ ਸਮਝਦਾ ਹੈ। ਇਹ ਕੰਮ ਪੀੜ੍ਹੀ-ਦਰ-ਪੀੜ੍ਹੀ ਚਲਦਾ ਰਹਿੰਦਾ ਹੈ। ਗਰੀਬ ਹੋਰ ਗਰੀਬ ਹੋ ਰਿਹਾ ਹੈ ਅਤੇ ਅਮੀਰ ਹੋ ਅਮੀਰ ਹੋ ਰਿਹਾ ਹੈ। ਮਜ਼ਦੂਰ ਵਰਗ ਆਪਣੀ ਮਿਹਨਤ ਦੀ ਕਮਾਈ ਨਾਲ ਸਿਰਫ ਆਪਣੀ ਰੋਜ਼ੀ ਰੋਟੀ ਹੀ ਕਮਾ ਸਕਦਾ ਹੈ। ਅੱਜ ਛੋਟੀ ਕਿਸਾਨੀ ਖਤਰੇ ਵਿਚ ਹੈ। ਫਸਲਾਂ ਦਾ ਵਾਜਬ ਮੁੱਲ ਨਾ ਮਿਲਣ ਕਰਕੇ ਕਿਸਾਨ ਰੇਲ ਲਾਈਨਾਂ ਤੇ ਕੰਮ ਕਰਦਾ ਹੈ ਪਰ ਸਮੇਂ ਦੀ ਸਾਕਾਰ ਦਾ ਇਸ ਵੱਲ ਕੋਹੀ ਧਿਆਨ ਨਹੀਂ। ਅੱਜ ਲੋੜ ਹੈ ਮਜ਼ਦੂਰ ਵਰਗ ਜੋ ਸ਼ੋਸ਼ਿਤ ਹੋ ਰਿਹਾ ਉਸ ਨੂੰ, ਰਾਜਸੀ ਤੌਰ ਤੇ ਚੇਤੰਨ ਕਰਕੇ ਇਕ ਹੋਣ ਦੀ ਤੇ ਆਪਣੇ ਹੱਕਾਂ ਲਈ ਲੜਨ ਦੀ ਉਨ੍ਹਾਂ ਨੂੰ ਵਾਜਬ ਮੁੱਲ ਮਿਲਣਾ ਜ਼ਰੂਰੀ ਹੈ।

"ਪੰਜਾਬ ਦਾ ਕਿਸਾਨ
ਤਾਂ ਅੱਜ
ਰੇਲਵੇ ਟਰੈਕ 'ਤੇ ਵਿਛਿਆ ਬੈਠਾ ਹੈ
ਮਾਹੌਲ
ਕੋਲੇ ਵਾਲੇ ਇੰਜਨ ਦਾ

ਬੁਆਇਲਰ ਬਣ ਗਿਆ ਹੈ

ਇਹ ਕੋਲਾ ਕਿੱਥੋਂ ਆ ਗਿਆ

ਸਿਆੜਾ ਅੰਦਰ

ਬੀਕਾਂ ਦੀ ਥਾਂ

ਬੋਹਲ ਪੁੱਛਦੇ ਹਨ।"[7]

ਕਿਸੇ ਨੇ ਠੀਕ ਕਿਹਾ ਹੈ ਕਿ ਮਜ਼ਦੂਰ ਰਗ ਸਮਾਜ ਦੇ ਹੱਥ ਪੈਰ ਹਨ, ਇਨ੍ਹਾਂ ਦੀ ਮਿਹਨਤ ਮੁਸ਼ੱਕਤ ਦੇ ਸਦਕਾ ਹੀ ਸਮਾਜ ਨੂੰ ਸੁੱਖ ਦੇ ਅਨੇਕਾਂ ਸਾਧਨ ਪ੍ਰਾਪਤ ਹੁੰਦੇ ਹਨ। ਇਸ ਕਰਕੇ ਵਾਜਬ ਇਹ ਬਣਦਾ ਹੈ ਕਿ ਇਨ੍ਹਾਂ ਦੀ ਸੁੱਖ ਤੇ ਭਲਾਈ ਦਾ ਖਿਆਲ ਕੀਤਾ ਜਾਵੇ, ਯੋਗ ਉਜਰਤ ਦਿੱਤੀ ਜਾਵੇ। ਪਰ ਦੁਨੀਆਂ ਵਿਚ ਸਦਾ ਹੀ 'ਜਿਸ ਦੀ ਲਾਠੀ ਉਸ ਦੀ ਮੱਝ' ਅਤੇ 'ਜ਼ੋਰਾਵਰ ਦਾ ਸੱਤੀ ਵੀਹੀ ਸੌ' ਵਰਤਾਰਾ ਰਿਹਾ ਹੈ। ਪਰ ਦੇਵਨੀਤ ਨੂੰ ਫਿਰ ਵੀ ਆਸ ਹੈ ਕਿ ਇਕ ਦਿਨ ਪੁਰਾਣੇ ਮਾਪਦੰਡ ਇਹ ਸਮਾਜਿਕ ਕਦਰਾਂ-ਕੀਮਤਾਂ ਵਿਚ ਤਬਦੀਲੀ ਆਵੇਗੀ। ਲੋਕਾਂ ਦੀ ਮਾਨਸਿਕਤਾ ਵਿਚ ਪਰਿਵਰਤਨ ਆਵੇਗਾ। ਅਜਿਹਾ ਸਮਾਂ ਕਦੇ ਜ਼ਰੂਰ ਆਵੇਗਾ ਕਿ ਸਭ ਨੂੰ ਹੱਕ ਮਿਲਣਗੇ, ਲੋਕ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣਗੇ। ਗਰੀਬ ਜੋ ਯੁੱਗਾਂ ਤੋਂ ਹਨੇਰੇ ਵਿਚ ਸਾਰੀ ਜ਼ਿੰਦਗੀ ਕੱਢ ਦਿੰਦਾ ਹੈ ਉਸ ਨੂੰ ਰੌਸ਼ਨੀ ਦੀ ਕਿਰਨ ਦਿਖਾਈ ਦੇਵੇਗੀ। ਇਸ ਨੂੰ ਦੇਵਨੀਤ ਆਪਣੀ 'ਹਨੇਰੇ ਅੰਦਰ ਮਾਂ ਦੀ ਤੀਲੀ' ਰਾਹੀਂ ਨਿਭਾਉਂਦਾ ਹੈ।

"ਮਾਂ ਦਿਹਾੜੀ ਮਜ਼ਦੂਰੀ ਦੀ ਡੱਬੀ 'ਚੋਂ

ਬਾਲਦੀ ਹੈ ਕੋਈ ਤੀਲੀ

ਮਾਂ ਨੂੰ

ਸੁੱਖੇ ਵਿਚੋਂ ਦਿਸ ਪੈਂਦਾ ਹੈ

ਸ਼ੈਸਨ ਜੱਜ

ਹੈਰਾਨ ਹੈ ਮਾਂ

ਕਿੱਥੇ ਗਿਆ ਹਨੇਰਾ

ਢੋਅ ਰਹੀ ਸਾਂ

ਜੋ ਮੈਂ ਜੁਗਾਂ ਤੋਂ।"[8]

ਦੇਵਨੀਤ ਨੇ ਇਕ ਮਾਂ ਦੇ ਆਪਣੇ ਪੁੱਤਰ ਦੇ ਜੱਜ ਬਣ ਕੇ ਹਨੇਰਾ ਦੂਰ ਕਰਨ ਦੀ ਗੱਲ ਕੀਤੀ ਹੈ। ਜੁਝਾਰਵਾਦੀ ਕਾਵਿ ਰਾਹੀਂ ਪੰਜਾਬੀ ਕਾਵਿ-ਜਗਤ ਵਿਚ ਪਹਿਲੀ ਵਾਰ ਸ਼ੋਸ਼ਿਤ ਵਰਗ ਦੇ ਪਾਤਰਾਂ ਨੂੰ ਕਾਵਿ-ਅਨੁਭਵ ਦਾ ਹਿੱਸਾ ਬਣਾਇਆ ਗਿਆ ਹੈ। "ਜੁਝਾਰਵਾਦੀ ਕਾਵਿ ਵਿਚ ਸ਼ੋਸ਼ਿਤ ਅਤੇ ਦਲਿਤ ਵਰਗਾਂ ਦੇ ਪਾਤਰਾਂ ਦੇ ਜੀਵਨ ਦੀ ਬਹੁਤ ਨੇੜੇ ਤੋਂ ਯਥਾਰਕ ਤਸਵੀਰ ਕਸ਼ੀ ਹੋਈ ਹੈ।"[9] ਜੁਝਾਰਵਾਦੀ ਕਾਵਿ ਵਿਚ ਸਮਾਜ ਦੇ ਗਰੀਬ ਅਤੇ ਸ਼ੋਸ਼ਿਤ ਵਰਗਾਂ ਦੀਆਂ ਕਠਿਨ ਜੀਵਨ ਸਥਿਤੀਆਂ ਦਾ ਯਥਾਰਥਕ ਅਨੁਭਵ ਹੋਇਆ ਹੈ।

ਦੇਵਨੀਤ ਦੀ ਦ੍ਰਿਸ਼ਟੀ ਵਿਚ ਸਮਾਜ ਦੀ ਗਿਰਾਵਟ ਦਾ ਦੂਜਾ ਕਾਰਨ ਜਾਤੀ ਜਮਾਤੀ ਸੰਘਰਸ਼ ਵੀ ਹੈ। ਸ਼ੁਰੂ ਤੋਂ ਹੀ ਸਮਾਜ ਵਿਚ ਜਾਤੀ-ਭੇਦ ਭਾਵ ਹੁੰਦੇ ਆਏ ਹਨ। ਬ੍ਰਾਹਮਣ, ਖਤਰ, ਵੈਦ, ਸ਼ੂਦਰ ਚਾਰ ਜਾਤਾਂ ਪੁਰਾਣੇ ਸਮੇਂ ਮੌਜੂਦ ਸਨ ਜਿਨ੍ਹਾਂ ਵਿਚੋਂ ਬ੍ਰਾਹਮਣ ਨੂੰ ਸਭ ਨਾਲੋਂ ਉੱਚਾ ਦਰਜਾ ਪ੍ਰਾਪਤ ਸੀ ਤੇ ਸ਼ੂਦਰ ਸਭ ਤੋਂ ਨੀਵੀਂ ਜਾਦ ਸੀ। ਸਮੇਂ ਦੇ ਬਦਲ ਨਾਲ ਕੁੱਝ ਪਰਿਵਰਤਨ ਜ਼ਰੂਰ

ਆਏ ਹਨ। ਧਾਰਮਿਕ ਵ ਲਗਣ ਵਿਚੋਂ ਲੋਕ ਬਾਹਰ ਆਏ ਹਨ ਪਰ ਉੱਚੀ ਜਾਤੀ ਦਾ ਗੁਮਾਨ ਅੱਜ ਵੀ ਉਨਾਂ ਹੀ ਹੈ ਜਿੰਨਾ ਪੁਰਾਣੇ ਸਮੇਂ ਵਿਚ ਹੁੰਦਾ ਸੀ। ਉੱਚ ਜਾਤੀ ਦੇ ਲੋਕਾਂ ਨੇ ਤਾਂ ਆਪਣੇ ਧਰਮ ਸਥਾਨ ਵੀ ਅਲੱਗ ਕਰ ਲਏ ਹਨ। ਦੇਵਨੀਤ ਦੀ ਕਵਿਤਾ 'ਵਿਯੂਅਲ ਇਕ – ਵਿਯੂਅਲ ਦੋ' ਵਿਚ ਜੱਟਾਂ ਦੇ ਜਾਤੀ ਗੁਮਾਨ ਨੂੰ ਉਜਾਗਰ ਕੀਤਾ ਹੈ। ਜੱਟ ਵੀ ਅੱਗੇ ਆਰਥਿਕ ਵੰਡੇ ਗਏ ਜੋ ਆਰਥਿਕਤਾ ਪੱਖੋਂ ਜ਼ਿਆਦਾ ਸਪੰਨ ਹਨ ਉਹ ਸਰਦਾਰ ਵਰਗ ਹੇਠ ਆ ਗਏ ਤੇ ਦੁਕਾ ਕੱਟ ਵਰਗ ਅਲੱਗ ਹੋ ਗਿਆ।

"ਵਿਯੂਅਲ ਨੰਬਰ ਦੋ
ਮੇਰੀ ਸਾਲੇਹਾਰ ਸਰਦਾਰਾ ਦੀ ਨੂੰਹ
ਆਪ ਜੱਟੀ
ਮੇਰੇ ਨਾਲ ਗੱਲੀ ਲੱਗ ਤੁਰ ਰਹੀ ਹੈ
ਮੈਂ ਇਕ ਆਲੀਸ਼ਾਨ ਗੁਰਦੁਆਰਾ ਵੇਖ
ਕਹਿੰਦਾ ਹਾਂ
ਵਾਹ! ਕਿੰਨਾ ਸੁੰਦਰ ਗੁਰੂ ਘਰ ਹੈ ਤੁਹਾਡਾ
ਉਸ ਦੇ ਚਿਹਰੇ 'ਚ ਗੁਰਦੁਆਰਾ ਆਭਾ–ਰਹਿਤ ਹੈ
ਕਹਿੰਦੀ ਹੈ
ਇਹ ਤਾਂ ਜੱਟਾਂ ਦਾ ਗੁਰਦੁਆਰਾ ਹੈ।"[10]

ਨਵੀਂ ਸਥਿਤੀ ਵਿਚ ਦੇਵਨੀਤ ਨੇ ਵਿਸ਼ਵੀਕਰਨ ਅਤੇ ਨਵ-ਪੂੰਜੀਵਾਦੀ ਵਿਚਾਰਧਾਰਾ ਦੀਆਂ ਨਵੀਆਂ ਭ੍ਰਾਤੀਆਂ ਦੀ ਰਾਜਨੀਤੀ ਪ੍ਰਤੀ ਵੀ ਲਿਖਦਾ ਹੈ ਤੇ ਇਨ੍ਹਾਂ ਕਵਿਤਾਵਾਂ ਵਿਚ ਅਮਰੀਕਾ ਦੇ ਨਵ-ਬਸਤੀਵਾਦੀ ਏਜੰਡੇ ਦਾ ਪ੍ਰਤੀਰੋਧ ਵੀ ਹੈ। ਕਵਿਤਾ 'ਬਰਾਕ ਉਬਾਮਾ ਦਾ ਸਹੁੰ ਚੁੱਕ ਸਮਾਗਮ' ਵਿਚ ਇਸ ਦੀ ਉਦਾਹਰਣ ਮਿਲਦੀ ਹੈ :

"ਬਰਾਕ ਉਬਾਮਾ
ਸਟਾਲਿਨ ਚੁੱਪ ਹੈ
ਟ੍ਰਾਟਸਕੀ ਕੁੱਝ ਕਹਿਣਾ ਚਾਹੁੰਦੈ
ਤੂੰ
ਸਟਾਲਿਨ ਦੇ ਹੁੱਝ ਮਾਰੇਗਾ?
ਟ੍ਰਾਟਸਕੀ ਨੂੰ ਕਿ ਸੁਣੇਗਾ
ਤੂੰ ਬੁਸ਼ ਨਹੀਂ ਹੈ
ਲੋਕ ਰੂਸ ਵਿਚ ਹੀ ਨਹੀਂ
ਤੇਰੇ ਦੇਸ਼ ਵਿਚ ਵੀ ਰਹਿੰਦੇ ਹਨ।"[11]

ਦੇਵਨੀਤ ਪ੍ਰਗਤੀਵਾਦੀ ਕਾਵਿ ਧਾਰਾ ਦਾ ਕਵੀ ਹੈ ਪਰ ਉਹ ਇਸ ਤੋਂ ਅੱਗੇ ਕੀ ਸੋਚ ਰੱਖਦਾ ਹੈ। ਆਧੁਨਿਕ ਪੰਜਾਬੀ ਕਵਿਤਾ ਵਿਚ ਗੁਣਾਤਮਕ ਮੋੜ ਉਸ ਸਮੇਂ ਆਉਂਦਾ ਹੈ ਜਦੋਂ ਕੌਮ ਦੀ ਮੁਕਤੀ ਲਈ ਕੀਤੀ ਲਹਿਰ ਸਿਰਫ਼ ਰਾਜਨੀਤਕ ਖੇਤਰ ਤੱਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਇਸ

ਦੇ ਪ੍ਰਭਾਵ ਨੂੰ ਕਬੂਲ ਕੇ ਪੰਜਾਬੀ ਭਾਰਤੀ ਰਚਨਾਕਾਰ ਕਲਾਕਾਰ ਸੰਗਠਿਤ ਰੂਪ ਵਿਚ ਇਕੱਠੇ ਹੋ ਕੇ ਸਾਹਿਤਕ ਅਤੇ ਕਲਾਤਮਕ ਕਾਰਜ ਨੂੰ ਸੁਚੇਤ ਵਿਚਾਰਧਾਰਾ ਅਮਲ ਬਣਾਉਂਦੇ ਹਨ।

ਦੇਵਨੀਤ ਨੇ ਮਨੁੱਖੀ ਅਵਚੇਤਨ ਮਨ ਦੀ ਦ੍ਰਿਸ਼ਟੀ ਨੂੰ ਪੇਸ਼ ਕੀਤਾ ਹੈ। ਉਸ ਦੀਆਂ ਕਵਿਤਾਵਾਂ ਵਿਚ ਅਵਚੇਤਨ ਦੀ ਪੇਸ਼ਕਾਰੀ ਭਾਵੇਂ ਅਚੇਤ ਰੂਪ ਵਿਚ ਮਿਲਦੀ ਹੈ ਭਾਵੇਂ ਸੁਚੇਤ ਰੂਪ ਵਿਚ ਪਰੰਤੂ ਇਹ ਰਾਜਸੀ ਚੇਤਨਾ ਦਾ ਅਹਿਮ ਪੱਖ ਹੈ। ਦੇਵਨੀਤ ਮਨੁੱਖ ਦੇ ਅਵਚੇਤਨ ਮਨ ਦੀ ਗੱਲ ਕਰਦਾ ਹੈ ਜੋ ਕਿਸੇ ਕਾਰਨ ਖੁੱਲ੍ਹ ਦੀ ਜ਼ਿੰਦਗੀ ਨਹੀ ਜੀਨ ਦਿੰਦਾ ਉਸ ਅੰਦਰ ਕੋਈ ਡਰ, ਭੈਅ ਹੈ ਉਸ ਤੇ ਰੋਕਾਂ ਹਨ ਜਿਸ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ। "ਸਿਆਸੀ ਅਵਚੇਤਨ ਮਨੁੱਖੀ ਸੁਤੰਤਰਤਾ ਤੇ ਥੋਪੀਆਂ ਗਈਆਂ ਗਤੀਸ਼ੀਲ ਤੇ ਇਤਿਹਾਸਕ ਬੰਦਿਸ਼ਾਂ ਦੇ ਟਕਰਾਓ ਵਿਚੋਂ ਉਪਜਦਾ ਹੈ।"[12]

ਅੰਤ ਦੇਵਨੀਤ ਅੰਦਰ ਕਿਰਤੀ ਤੇ ਮਜ਼ਦੂਰਾਂ ਪ੍ਰਤੀ ਦਰਦ ਹੈ ਉਹ ਆਰਿਥਕ ਦਸ਼ਾ, ਸਮਾਜਿਕ ਰੁਤਬਾ, ਸਰਮਾਏਦਾਰੀ ਤੇ ਖਪਤਕਾਰੀ ਸਮਾਜ ਅੰਦਰ ਟੁੱਟ-ਭੱਜ ਕੇ ਮਰ ਰਹੀ ਮਨੁੱਖ ਦਾ ਚਿੰਤਨ ਹੈ। ਉਸ ਨੂੰ ਸਮਾਜਿਕ ਨਾ-ਬਰਾਬਰੀ ਤੇ ਆਰਥਿਕ ਵੰਡ ਸਤਾਉਂਦੀ ਹੈ। ਉਹ ਅਜਿਹੇ ਸਮਾਜ ਨੂੰ ਬਦਲ ਦੇਣਾ ਚਾਹੁੰਦਾ ਹੈ।

**ਹਵਾਲੇ ਟਿੱਪਣੀਆਂ**

[1] ਦੇਵਨੀਤ, **ਸਟਾਲਿਨ ਹੁਣ ਚੁੱਪ ਹੈ**, ਪੰਨਾ 58.

[2] ਉਹੀ, ਪੰਨਾ 50.

[3] ਗੁਰਮੀਤ ਕੌਰ ਸੰਧੂ, **ਵਰਿਆਮ ਸਿੰਘ ਸੰਧੂ : ਕਥਾ ਤੇ ਰਾਜਸੀ ਪ੍ਰਵਚਨ**, ਪੰਨਾ 81-82.

[4] ਦੇਵੀਨੀਤ, **ਸਟਾਲਿਨ ਹੁਣ ਚੁੱਪ ਹੈ**, ਪੰਨਾ 30-31.

[5] ਉਹੀ, ਪੰਨਾ 47-48.

[6] ਭੀਮ ਇੰਦਰ ਸਿੰਘ (ਡਾ.), **ਆਧੁਨਿਕ ਪੰਜਾਬੀ ਕਹਾਣੀ ਸਿਆਸੀ ਪਰਿਪੇਖ**, ਪੰਨਾ 51.

[7] ਦੇਵੀਨੀਤ, **ਸਟਾਲਿਨ ਹੁਣ ਚੁੱਪ ਹੈ**, ਪੰਨਾ 27.

[8] ਉਹੀ, ਪੰਨਾ 35.

[9] ਅਜੀਤਪਾਲ, **ਪੰਜਾਬੀ ਜੁਝਾਰਵਾਦੀ ਕਾਵਿ ਪ੍ਰਵਚਨ**, ਪੰਨਾ 86.

[10] ਦੇਵਨੀਤ, **ਸਟਾਲਿਨ ਹੁਣ ਚੱਪ ਹੈ**, ਪੰਨਾ 32-33.

[11] ਉਹੀ, ਪੰਨਾ 25.

[12] ਕੁਕਾਬਾਰਾ (ਵਾਸ ਤੇ ਪਰਵਾਸ ਵਿਚਲੇ ਪੁਲ ਦੀ ਤਾਂਘ ਨੂੰ ਸਮਰਪਿਤ), ਮੁੱਖ ਸੰਪਾ. ਸ਼ਿਵਦੀਪ ਪਬਲਿਸ਼ਰ ਦੀ ਬਲੈਕ ਪਬਲੀਕੇਸ਼ਨ।